# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

ਮਾਸਟਰ ਪਰਮਵੇਦ

Epaper World Punjabi Times | 28 ਮਈ 2025 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਇੱਕ ਕ੍ਰਾਂਤੀਕਾਰੀ ਦੀ ਵਸੀਅਤ

### ਇਹ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਜੇਲ੍ਹ ਵਿੱਚ ਲਿਖੀ ਹੋਈ ਹੈ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਮੈਂ ਆਪਣੇ ਦੋਸਤਾਂ ਤੋਂ ਇਹ ਵੀ ਚਾਹਾਂਗਾ ਕਿ ਉਹ ਮੇਰੇ ਬਾਰੇ ਘੱਟ ਤੋਂ ਘੱਟ ਚਰਚਾ ਕਰਨ ਜਾਂ ਬਿਲਕੁਲ ਹੀ ਚਰਚਾ ਨਾ ਕਰਨ। ਕਿਉਂਕਿ ਜਦੋਂ ਆਦਮੀ ਦੀ ਤਾਰੀਫ਼ ਹੋਣ ਲੱਗਦੀ ਹੈ। ਤਾਂ ਉਸਨੂੰ ਇਨਸਾਨ ਦੀ ਬਜਾਏ ਦੇਵਤਾ ਬਣਾ ਦਿੱਤਾ ਜਾਂਦਾ ਹੈ। ਇਹ ਮਾਨਵ ਜਾਤੀ ਦੇ ਭਵਿੱਖ ਦੇ ਲਈ ਬਹੁਤ ਭੈੜੀ ਗੱਲ ਹੈ। ਸਿਰਫ਼ ਕਰਮਾਂ ਤੇ ਹੀ ਗੌਰ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਤਾਰੀਫ਼ ਜਾਂ ਨਿੰਦਾ ਹੋਣੀ ਚਾਹੀਦੀ ਹੈ। ਭਾਵੇਂ ਉਹ ਕਿਸੇ ਵੀ ਵਲੋਂ ਕੀਤੇ ਗਏ ਹੋਣ। ਜੋਂ ਲੋਕਾਂ ਨੂੰ ਇਸ ਵਿਚੋਂ ਆਮ ਲੋਕਾਂ ਦੇ ਹਿੱਤ ਵਿੱਚ ਕੋਈ ਪ੍ਰੇਰਨਾ ਮਿਲਦੀ ਦਿਸੇ। ਤਾਂ ਹੀ ਉਹ ਉਨ੍ਹਾਂ ਦੀ ਤਾਰੀਫ਼ ਕਰ ਸਕਦੇ ਹਨ। ਪਰ ਜੋਂ ਆਮ ਹਿੱਤਾਂ ਦੇ ਲਈ ਹਾਨੀਕਾਰਕ ਲੱਗੇ ਤਾਂ ਉਹ ਇਨ੍ਹਾਂ ਦੀ ਨਿੰਦਿਆ ਵੀ ਕਰ ਸਕਦੇ ਹਨ। ਤਾਂ ਜੋਂ ਇਸਦਾ ਫਿਰ ਦੁਹਰਾਓ ਨਾ ਹੋਵੇ। ਮੈਂ ਚਾਹੁੰਦਾ ਹਾਂ ਕਿ ਕਿਸੇ ਵੀ ਮੌਕੇ ਤੇ ਮੇਰੀ ਕਬਰ ਦੇ ਨੇੜੇ ਜਾਂ ਦੂਰ ਕਿਸੇ ਵੀ ਬਹਾਨੇ ਰਾਜਨੀਤਕ ਜਾਂ ਧਾਰਮਿਕ ਕਿਸਮ ਦੇ ਪ੍ਰਦਰਸ਼ਨ ਨਾ ਕੀਤੇ ਜਾਣ ਕਿਉਂਕਿ ਮੈਂ ਸਮਝਦਾ ਹਾਂ ਕਿ ਮਰੇ ਹੋਏ ਦੇ ਲਈ ਖਰਚ ਕੀਤੇ ਜਾਣ ਵਾਲੇ ਸਮੇਂ ਦਾ ਬਿਹਤਰ ਇਸਤੇਮਾਲ ਉਨ੍ਹਾਂ ਲੋਕਾਂ ਦੀ ਜੀਵਨ ਦਸਾਂ ਨੂੰ ਸੁਧਾਰਨ ਲਈ ਕੀਤਾ ਜਾ ਸਕਦਾ ਹੈ। ਜਿਨ੍ਹਾਂ ਵਿਚੋਂ ਬਹੁਤਿਆਂ ਨੂੰ ਇਸ ਦੀ ਲੋੜ ਹੈ।

ਦਾਨ ਮੇਰੇ ਪਿਛੋਂ ਆਓ ਈਸਾ ਮਸੀਹ ਨੇ ਇਹ ਧਨੀ ਨੋਜਵਾਨ ਨੂੰ ਆਖਿਆ। ਆਪਣੇ ਧੰਦੇ ਵਿੱਚ ਲੱਗੇ ਰਹਿਣਾ ਅਤੇ ਆਪਣੀ ਦੋਲਤ ਨੂੰ ਦਾਨ ਕੰਮ ਵਿੱਚ ਲਾਉਣਾ ਤੁਲਨਾਤਮਕ ਤੌਰ ਤੇ ਸੌਖਾ ਸੀ। ਪਰ ਉਪਕਾਰ ਹਰ ਯੁੱਗ ਵਿਚ ਪ੍ਰਚਲਿਤ ਰਿਹਾ ਹੈ।

ਦਾਨ ਗਰੀਬੀ ਦੇ ਵਿਦਰੋਹੀ ਤੇਵਰ ਨੂੰ ਨਸ਼ਟ ਕਰ ਦਿੰਦਾ ਹੈ। ਇਸ ਲਈ ਪਰ ਉਪਕਾਰੀ ਧਨੀ ਆਦਮੀ ਆਪਣੀ ਸਾਥੀ ਦੋਲਤਮੰਦਾ ਦਾ ਹੀ ਹਿਤੈਸ਼ੀ ਹੁੰਦਾ ਹੈ। ਅਤੇ ਉਨ੍ਹਾਂ ਦੀ ਹੀ ਅਹਿਸਾਸਮੰਦੀ ਮਹਿਸੂਸ ਕਰਦਾ ਹੈ। ਉਸ ਲਈ ਸਭਿਆ ਸਮਾਜ ਦੇ ਸਾਰੇ ਦਰਵਾਜ਼ੇ ਖੁੱਲੇ ਹੁੰਦੇ ਹਨ। ਇਸੇ ਕਰਕੇ ਉਨ੍ਹਾਂ ਨੂੰ ਭੀਖ ਦਾਨ ਨੂੰ ਸਮਾਜਿਕ ਕਾਇਆ ਦੇ ਡੂੰਘੇ ਜ਼ਖਮਾਂ ਦੀ ਮਲ੍ਹਮ ਪੱਟੀ ਦੇ ਰੂਪ ਵਿੱਚ ਸਵੀਕਾਰਨ ਤੋਂ ਇਨਕਾਰ ਕਰ ਦਿੱਤਾ। ਪਰ ਉਪਕਾਰ ਨੂੰ ਨਿਆਂ ਦੇ ਇੱਕ ਬੱਦਲ ਦੇ ਰੂਪ ਵਿੱਚ ਸਵੀਕਾਰਨ ਤੋਂ ਇਨਕਾਰ ਕਰ ਦਿੱਤਾ। ਪਰ ਉਪਕਾਰ ਨੂੰ ਨਿਆਂ ਦੇ ਇੱਕ ਬੱਦਲ ਦੇ ਰੂਪ ਵਿੱਚ ਉਨ੍ਹਾਂ ਨੇ ਇਸਨੂੰ ਕਦੇ ਵੀ ਤਰਜੀਹ ਨਹੀਂ ਦਿੱਤੀ। ਇਹ ਸੀ ਭਗਤ ਸਿੰਘ ਜੀ ਦੀ ਜੇਲ੍ਹ ਡਾਇਰੀ ਦੇ ਵਿਚੋਂ ਲਿਆ ਹੋਇਆ ਹੈ।

## ਜਮਹੂਰੀ ਅਧਿਕਾਰ ਸਭਾ ਦਾ ਇੱਕ ਵਫਦ ਜਿਲਾ ਪ੍ਰਸ਼ਾਸਨ ਨੂੰ ਮਿਲਿਆ

ਵਰਲਡ ਪੰਜਾਬੀ ਟਾਈਮਜ਼
ਮਨਧੀਰ ਸਿੰਘ

ਸੰਗਰੂਰ 28 ਮਈ : ਲੈਂਡ ਸੀਲਿੰਗ ਐਕਟ ਤਹਿਤ ਨਿਰਧਾਰਤ ਜ਼ਮੀਨ ਤੋਂ ਵਾਧੂ ਜ਼ਮੀਨ ਬੇਜ਼ਮੀਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਿੱਚ ਵੰਡਣ ਦੀ ਮੰਗ ਨੂੰ ਲੈਕੇ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੀ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਸੰਗਰੂਰ ਨੇੜੇ ਮਹਾਰਾਜਾ ਜੀਂਦ ਦੀ 927ਏਕੜ ਜ਼ਮੀਨ ਵਿਚੋਂ ਵਾਧੂ ਜ਼ਮੀਨ ਉਪਰ ਆਪਣੀ ਹੱਕ ਜਤਾਈ ਲਈ ਕੀਤੇ ਜਾ ਰਹੇ ਪ੍ਰੋਗਰਾਮ ਨੂੰ ਰੋਕਣ ਲਈ ਸੰਗਰੂਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਅਤੇ ਸੰਘਰਸ਼ ਵਿਚ ਸ਼ਾਮਲ ਮਜ਼ਦੂਰ ਮਰਦ ਔਰਤਾਂ ਨੂੰ ਜੇਲ੍ਹਾਂ ਵਿੱਚ ਡੱਕ ਕੇ ਉਨ੍ਹਾਂ ਨਾਲ ਗੈਰ ਜਮਹੂਰੀ ਅਤੇ ਅਣ ਮਨੁੱਖੀ ਵਿਵਹਾਰ ਕਰਨ ਤੇ ਉਹਨਾਂ ਦੀ




ਰਿਹਾਈ ਕਰਨ ਦੀਆਂ ਮੰਗਾਂ ਨੂੰ ਲੈਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਸੰਗਰੂਰ ਦਾ ਇੱਕ ਵਫਦ ਸੂਬਾ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਮੰਡੀਕਲਾਂ ਦੀ ਅਗਵਾਈ ਵਿੱਚ ਵਧੀਕ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪੁਲਿਸ ਮੁਖੀ ਸੰਗਰੂਰ ਨੂੰ ਵੱਖ ਵੱਖ ਤੌਰ ਤੇ ਮਿਲਿਆ ਅਤੇ ਪ੍ਰਸ਼ਾਸਨ ਵਲੋਂ ਇਸ ਸੰਘਰਸ਼ ਪ੍ਰਤੀ ਅਪਣਾਏ ਗੈਰ ਜਮਹੂਰੀ ਅਤੇ ਜਾਬਰ ਰਵਈਏ ਸੰਬੰਧੀ ਆਪਣੇ ਰੋਸ ਦਾ ਇਜ਼ਹਾਰ ਕੀਤਾ।

ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਭੁਟਾਲ ਸਕੱਤਰ ਕੁਲਦੀਪ ਸਿੰਘ ਨੇ ਅਧਿਕਾਰੀਆਂ ਨੂੰ ਕਿਹਾ ਕਿ ਮਜ਼ਦੂਰਾਂ ਨੂੰ ਆਪਣੇ ਕਾਨੂੰਨੀ ਹੱਕਾਂ ਲਈ ਸ਼ਾਂਤਮਈ ਸੰਘਰਸ਼ ਕਰਨ ਤੋਂ ਰੋਕ ਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਬੰਦ ਕਰਕੇ ਉਨ੍ਹਾਂ ਨਾਲ ਬਹੁਤ ਹੀ ਅਣਮਨੁੱਖੀ ਵਿਵਹਾਰ ਕੀਤਾ ਗਿਆ ਹੈ ਜੋ ਬਰਤਾਨਵੀ ਹਕੂਮਤ ਵਲੋਂ ਕੀਤੇ ਜਬਰ ਨੂੰ ਵੀ ਮਾਤ ਪਾਉਂਦਾ ਹੈ। ਜੇਲ੍ਹਾਂ ਵਿੱਚ ਬੰਦ ਮਰਦ ਔਰਤਾਂ ਨੂੰ 24-24 ਘੰਟੇ ਬੈਰਕਾਂ ਵਿਚ ਬੰਦ ਰੱਖਣ, ਉਹਨਾਂ ਨੂੰ ਲੋੜੀਂਦੀਆਂ ਜ਼ਰੂਰਤਾਂ ਤੋਂ ਵਾਝਾਂ ਰੱਖਣ, ਬਿਮਾਰਾਂ ਨੂੰ ਇਲਾਜ ਦੀ ਸਹੂਲਤ ਨਾ ਦੇਣਾ ਸਿਰੇ ਦੀ ਗੈਰ ਜਮਹੂਰੀ ਅਤੇ ਤਾਨਾਸ਼ਾਹੀ ਕਾਰਵਾਈ ਹੈ ਜਿਸ ਦੀ ਉਚ ਪੱਧਰੀ ਪੜਤਾਲ ਹੋਣੀ ਚਾਹੀਦੀ ਹੈ। ਵਫਦ ਨੇ ਜੇਲਾਂ ਵਿੱਚ ਬੰਦ ਮਜ਼ਦੂਰਾਂ ਅਤੇ ਉਨ੍ਹਾਂ ਦੇ ਆਗੂਆਂ ਨੂੰ ਤੁਰੰਤ ਰਿਹਾਅ ਕਰ, ਉਹਨਾਂ ਉਪਰ ਛਾਪੇਮਾਰੀ ਬੰਦ ਕਰਨ ਦੀ ਮੰਗ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਜੇਲ੍ਹਾਂ ਵਿੱਚ ਬੰਦ ਸਾਰੇ ਮਜ਼ਦੂਰਾਂ ਨੂੰ ਰਿਹਾ ਕਰ ਦਿੱਤਾ ਗਿਆ ਹੈ ਅਤੇ ਵਿਸ਼ਵਾਸ ਦਿਵਾਇਆ ਕਿ ਹੁਣ ਕਿਸੇ ਵੀ ਕਿਸਮ ਦੀ ਛਾਪੇਮਾਰੀ ਨਹੀਂ ਕੀਤੀ ਜਾਵੇਗੀ। ਉਹਨਾਂ ਜੇਲ੍ਹਾਂ ਵਿੱਚ ਹੋਏ ਵਿਵਹਾਰ ਤੋਂ ਅਗਿਆਨਤਾ ਪ੍ਰਗਟ ਕਰਦਿਆਂ ਇਸ ਦੀ ਪੜਤਾਲ ਕਰਨ ਦਾ ਵਾਅਦਾ ਵੀ ਕੀਤਾ। ਵਫ਼ਦ ਵਿਚ ਉਪਰੋਕਤ ਤੋਂ ਇਲਾਵਾ ਬਲਵੀਰ ਸਿੰਘ ਲੌਂਗੋਵਾਲ, ਦਰਸ਼ਨ ਸਿੰਘ ਕੁਨਰਾਂ, ਲਖਵੀਰ ਲੌਂਗੋਵਾਲ,ਲਾਲ ਚੰਦ ਅਤੇ ਗੁਰਜੰਟ ਸਿੰਘ ਬਡਰੁੱਖਾਂ ਸ਼ਾਮਲ ਸਨ।

## ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵੱਲੋਂ ਪ੍ਰਸਿੱਧ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨਦੀਪ ਗਰੋਵਰ



ਚੰਡੀਗੜ੍ਹ,28 ਮਈ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਵੱਲੋਂ ਪੰਜਾਬ ਕਲਾ ਪਰਿਸ਼ਦ ਦੇ ਸਹਿਯੋਗ ਨਾਲ ਪੰਜਾਬ ਕਲਾ ਭਵਨ ਸੈਕਟਰ ੧੬ ਵਿਖੇ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀ ਯਾਦ ਵਿੱਚ ਕਵੀ ਦਰਬਾਰ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਪ੍ਰਸਿੱਧ ਸ਼ਾਇਰ ਤੇ ਵਾਰਤਕਕਾਰ ਜਗਦੀਪ ਸਿੱਧੂ ਜੀ ਨੇ ਕੀਤੀ ਅਤੇ ਡਾ.ਨੀਜ਼ਾ ਸਿੰਘ ( ਲਾਇਬ੍ਰੇਰੀਅਨ ਟੀ.ਐੱਸ ਸੈਂਟਰਲ ਸਟੇਟ ਲਾਇਬ੍ਰੇਰੀ ਸੈਕਟਰ ੧੭ ਚੰਡੀਗੜ੍ਹ) ਜੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਭ ਤੋਂ ਪਹਿਲਾਂ ਸਾਰੇ ਸਾਹਿਤਕਾਰਾਂ ਵੱਲੋਂ ਸਾਡੇ ਤੋਂ ਸਦਾ ਲਈ ਵਿਛੜ ਚੁੱਕੇ ਸ਼ਾਇਰ ਤਜ਼ਮਲ ਕਲੀਮ ਤੇ ਪ੍ਰਸਿੱਧ ਵਿਦਵਾਨ ਡਾ. ਰਤਨ ਸਿੰਘ ਜੱਗੀ ਜੀ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਉਸ ਤੋਂ ਬਾਅਦ ਪ੍ਰਧਾਨਗੀ ਅਤੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਈਆਂ ਅਦਬੀ ਸ਼ਖਸ਼ੀਅਤਾਂ ਨੂੰ ਸੰਸਥਾ ਦੇ ਮੈਂਬਰਾਂ ਵਲੋਂ ਸਨਮਾਨਿਤ ਕੀਤਾ ਗਿਆ,ਫੇਰ ਕਾਰਜਕਾਰੀ ਪ੍ਰਧਾਨ ਸ਼੍ਰੀਮਤੀ ਪਰਮਜੀਤ ਕੌਰ ਪਰਮ ਜੀ ਨੇ ਅੱਜ ਦੇ ਇਸ ਵਿਸ਼ੇਸ਼ ਸਮਾਗਮ ਦੀ ਰੂਪ-ਰੇਖਾ ਅਤੇ ਸ਼ਿਵ ਕੁਮਾਰ ਬਟਾਲਵੀ ਦੇ ਜੀਵਨ ਬਾਰੇ, ਉਹਨਾਂ ਵਲੋਂ ਲਿਖੀਆਂ ਪੁਸਤਕਾਂ ਬਾਰੇ ਬਹੁਤ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਆਏ ਹੋਏ ਸਾਹਿਤਕਾਰਾਂ ,ਕਵੀਆਂ ਅਤੇ ਲੇਖਕਾਂ ਨੂੰ ਜੀ ਆਇਆਂ ਆਖਿਆ।ਪ੍ਰੋਗਰਾਮ ਦੀ ਸ਼ੁਰੂਆਤ ਸ਼ਾਇਰਾ ਨਰਿੰਦਰ ਕੌਰ ਲੌਂਗੀਆ ਵੱਲੋਂ ਸ਼ਿਵ ਕੁਮਾਰ ਦੀ ਰਚਨਾ 'ਸੁਣੋ ਵੇ ਕਲਮਾਂ ਵਾਲਿਓ' ਨਾਲ ਹੋਈ। ਰਵਿੰਦਰ ਕੌਰ ਰਾਵੀ,ਬਲਵਿੰਦਰ ਢਿੱਲੋਂ,ਹਰਜੀਤ ਸਿੰਘ,ਪਰਲਾਦ ਸਿੰਘ,ਦਵਿੰਦਰ ਕੌਰ ਢਿੱਲੋਂ,ਮੰਦਰ ਗਿੱਲ,ਦਰਸ਼ਨ ਤਿਉਣਾ ਅਤੇ ਸੁਖਵਿੰਦਰ ਸਿੰਘ ਨੇ ਤਰੰਨੁਮ ਵਿੱਚ ਸ਼ਿਵ ਬਟਾਲਵੀ ਦੀਆਂ ਬਹੁਤ ਹੀ ਖੂਬਸੂਰਤ ਰਚਨਾਂਵਾਂ ਸਰੋਤਿਆਂ ਦੀ ਨਜ਼ਰ ਕਰਕੇ ਮਾਹੌਲ ਸੰਗੀਤਮਈ ਬਣਾ ਦਿੱਤਾ। ਰਾਜਵਿੰਦਰ ਸਿੰਘ ਗੱਡੂ,ਪਾਲ ਅਜਨਬੀ ਮਿੱਕੀ ਪਾਸੀ,ਸਾਗਰ ਭੂਰੀਆ, ਧਿਆਨ ਸਿੰਘ ਕਾਹਲੋਂ ਅਤੇ ਚਰਨਜੀਤ ਕੌਰ ਬਾਠ ਨੇ ਜ਼ਿੰਦਗੀ ਦੇ ਵੱਖ ਵੱਖ ਰੰਗਾਂ ਨੂੰ ਦਰਸਾਉਂਦੀਆਂ ਰਚਨਾਂਵਾ ਪੇਸ਼ ਕੀਤੀਆਂ। ਲਾਭ ਸਿੰਘ ਲਹਿਲੀ ਨੇ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਸ਼ਹਾਦਤ ਤੇ ਮਲਕੀਤ ਨਾਗਰਾ ਨੇ ਸੰਤ ਰਾਮ ਉਦਾਸੀ ਜੀ ਦੀ ਖੂਬਸੂਰਤ ਰਚਨਾ ਸਾਂਝੀ ਕੀਤੀ। ਰਤਨ ਬਾਬਕ ਵਾਲਾ ਨੇ ਅੱਜ ਕੱਲ ਦੇ ਅਖਾਉਤੀ ਬਾਬਿਆਂ ਸਬੰਧੀ ਰਚਨਾ ਤਰੰਨੁਮ ਵਿੱਚ ਸੁਣਾਈ। ਚਰਨਜੀਤ ਕਲੇਰ ਨੇ ਰਾਣੀ ਸੁੰਦਰਾਂ ਤੇ ਭਗਤ ਪੂਰਨ ਸਿੰਘ ਦਾ ਕਿੱਸਾ ਸੁਣਾ ਕੇ ਆਪਣੀ ਹਾਜ਼ਰੀ ਲਵਾਈ। ਭਰਪੂਰ ਸਿੰਘ ਨੇ ਆਪਣੀ ਨਿੱਜੀ ਜ਼ਿਦਗੀ ਬਾਰੇ ਬਹੁਤ ਹੀ ਭਾਵਨਾਤਮਕ ਕਵਿਤਾ ਸਭ ਦੀ ਨਜ਼ਰ ਕੀਤੀ।ਰੁਪਿੰਦਰਜੀਤ ਸਿੰਘ ਨੇ ਦੇਸ਼ ਪਿਆਰ ਦੀ ਰਚਨਾ ਤਰੰਨੁਮ ਵਿੱਚ ਸੁਣਾ ਕੇ ਵਾਹ ਵਾਹ ਖੱਟੀ।ਪ੍ਰਧਾਨ ਸ਼੍ਰੀਮਤੀ ਪਰਮਜੀਤ ਕੌਰ ਪਰਮ ਨੇ ਆਪਣੇ ਦਿਲ ਟੁੰਬਵੀ ਸ਼ਾਇਰੀ ਸੁਣਾ ਕੇ ਸਰੋਤਿਆਂ ਨੂੰ ਕੀਲ ਲਿਆ।ਮੁੱਖ ਮਹਿਮਾਨ ਡਾ.ਨੀਜ਼ਾ ਸਿੰਘ ਜੀ ਨੇ ਸਾਹਿਤ ਵਿਗਿਆਨ ਕੇਂਦਰ ਦੀ ਪ੍ਰਸ਼ੰਸ਼ਾ ਕਰਦੇ ਹੋਏ ਕਿਹਾ ਕਿ ਇਹ ਸੰਸਥਾ ਇੱਕ ਪਰਿਵਾਰ ਹੈ ਜੋ ਹਰ ਇੱਕ ਮੈਂਬਰ ਦੇ ਦੁੱਖ ਸੁੱਖ ਵਿੱਚ ਨਾਲ ਖੜ੍ਹਦੇ ਹਨ। ਉਹਨਾਂ ਨੇ ਅੰਤਰਰਾਸ਼ਟਰੀ ਸਨਮਾਨ ਪ੍ਰਾਪਤ ਮਹਾਨ ਸ਼ਖਸ਼ੀਅਤਾਂ ਬਾਰੇ ਜਾਣਕਾਰੀ ਦਿੱਤੀ ਤੇ ਸ਼ਿਵ ਕੁਮਾਰ ਬਟਾਲਵੀ ਦਾ ਗੀਤ 'ਮੈਨੂੰ ਤੇਰਾ ਸ਼ਬਾਬ ਲੈ ਬੈਠਾ'ਤਰੰਨੁਮ ਵਿੱਚ ਸੁਣਾ ਕੇ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ। ਪ੍ਰਧਾਨਗੀ ਕਰ ਰਹੇ ਸ੍ਰੀ ਜਗਦੀਪ ਸਿੱਧੂ ਜੀ ਨੇ ਆਪਣੇ ਵਿਚਾਰਾਂ ਵਿੱਚ ਦਸਿੱਆ ਕਿ ਅੱਜ ਕੱਲ ਦੇ ਸਮੇਂ ਵਿੱਚ ਇੱਕ ਦੂਜੇ ਦਾ ਸਾਥ ਦੇਣਾ ਬਹੁਤ ਵੱਡੀ ਗੱਲ ਹੈ।ਉਹਨਾਂ ਨੇ ਸਾਰੇ ਕਵੀਆਂ ਵਲੋਂ ਪੇਸ਼ ਕੀਤੀਆਂ ਰਚਨਾਂਵਾਂ ਬਾਰੇ ਆਪਣੇ ਵਿਚਾਰ ਤੇ ਸੁਝਾਅ ਦਿੱਤੇ। ਉਹਨਾਂ ਨੇ ਆਪਣੀ ਰਚਨਾ'ਧੀਏ ਤੇਰੇ ਆਉਣ ਨਾਲ ਮੇਰਾ ਨਵਾਂ ਜਨਮ ਹੋਇਆ' ਤੇ ਧੀ ਮੇਰੀ ਨੂੰ ਉੂੜਾ ਆੜਾ ਹੀ ਆਉਂਦਾ' ਸੁਣਾ ਕੇ ਸਭ ਦਾ ਮਨ ਮੋਹ ਲਿਆ।ਅੰਤ ਵਿੱਚ ਡਾ. ਅਵਤਾਰ ਸਿੰਘ ਪਤੰਗ ਜੀ ਵੱਲੋਂ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਆਪਣੇ ਨਾਲ ਰਹਿ ਚੁੱਕੇ ਅਦਬੀ ਵਿਦਵਾਨਾਂ ਬਾਰੇ ਜਾਣਕਾਰੀ ਦਿੱਤੀ। ਸਟੇਜ ਸੰਚਾਲਨ ਦਵਿੰਦਰ ਕੌਰ ਢਿੱਲੋਂ ਵੱਲੋਂ ਬਾਖੂਬੀ ਨਿਭਾਇਆ ਗਿਆ। ਇਸ ਤੋਂ ਇਲਾਵਾ ਇਸ ਇਕੱਤਰਤਾ ਵਿੱਚ ਜਗਪਾਲ ਸਿੰਘ,ਸੁਨੀਤਾ ਰਾਣੀ,ਸੁਭਾਸ਼ ਚੰਦਰ,ਗੁਰਜੰਟ ਸਿੰਘ,ਮੁਕੇਸ਼ ਕੁਮਾਰ ਸ਼ਰਮਾ,ਡਾ.ਡੀ.ਪੀ. ਸਿੰਘ,ਵਿਸ਼ਵਜੀਤ ਸਿੰਘ ਅਤੇ ਸਾਹਿਤ ਚਿੰਤਨ ਸਭਾ ਦੇ ਪ੍ਰਧਾਨ ਸਰਦਾਰਾ ਸਿੰਘ ਚੀਮਾ ਜੀ ਨੇ ਵੀ ਆਪਣੀ ਹਾਜ਼ਰੀ ਲਵਾਈ।

## ਰਵੱਈਆ (ਲੇਖ)

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਜਸਬੀਰ ਕੌਰ

ਕਈ ਵਾਰ ਉਸ ਨੂੰ ਇਸ ਤਰ੍ਹਾਂ ਲੱਗਦਾ ਕਿ ਜਿੰਨੀ ਮੇਰੀ ਉਮਰ ਹੈ ਮੈਂ ਉਸ ਹਿਸਾਬ ਨਾਲ ਤਾਂ ਹਾਲੇ ਬੱਚਾ ਹੀ ਹਾਂ । ਸ਼ਾਇਦ 45 ਸਾਲ, 50 ਜਾਂ 55 ਸਾਲ ਦਾ ਮੈਂ ਬੱਚਾ ਹਾਂ । ਪਰ ਨਹੀਂ, ਜਦੋਂ ਮੈਂ ਬੱਚਾ ਸੀ ਉਦੋਂ ਤਾਂ ਸ਼ਾਇਦ ਮੈਂ ਆਪਣੇ ਮਾਂ-ਬਾਪ ਦੇ ਆਦੇਸ਼ਾਂ ਦੀ ਇੰਨੀ ਪਾਲਣਾ ਨਾ ਕੀਤੀ ਹੋਵੇ, ਜਿੰਨੀ ਕਿ ਅੱਜ ਮੈਂ ਆਪਣੇ ਘਰਦਿਆਂ ਦੀ ਹਰ ਗੱਲ ਸਿਰ ਝੁਕਾ ਕੇ ਆਰਾਮ ਨਾਲ ਸਹਿਜਤਾ ਨਾਲ ਸੁਣ ਲੈਂਦਾ ਹਾਂ ਤੇ ਮੰਨ ਲੈਂਦਾ ਹਾਂ । ਜੇਕਰ ਮੈਨੂੰ ਘਰ ਤੋਂ ਤੁਰਨ ਲੱਗਿਆਂ ਬਾਹਰ ਜਾਣ ਵੇਲੇ ਕੋਈ ਵੀ ਆਦੇਸ਼ ਦਿੱਤੇ ਜਾਂਦੇ ਹਨ, ਇੰਸਟਰਕਸ਼ਨ ਦਿੱਤੀਆਂ ਜਾਂਦੀਆਂ ਹਨ ਤਾਂ ਮੈਂ ਉਸਦੇ ਵਿਰੋਧ ਵਿੱਚ ਇੱਕ ਸ਼ਬਦ ਵੀ ਨਹੀਂ ਬੋਲਦਾ । ਮਸਲਨ ਜੇ ਮੈਂ ਸਬਜੀ ਵੀ ਲੈਣ ਜਾਣੀ ਹੈ, ਤਾਂ ਮੈਂ ਘਰ ਵਾਲਿਆਂ ਦੇ ਆਦੇਸ਼ਾਂ ਦੀ ਪਾਲਣਾ ਕਰਨੀ ਹੈ ਕਿ ਅੱਜ ਤੁਸੀਂ ਸਬਜੀ ਧਿਆਨ ਨਾਲ ਲੈ ਕੇ ਆਇਓ ! ਕੱਦੂ, ਤੋਰੀ, ਬੈਂਗਨ, ਪੇਠਾ ਤਾਂ ਬੱਚੇ ਬਿਲਕੁਲ ਵੀ ਨਹੀਂ ਖਾਂਦੇ , ਇਹ ਨਾ ਲਿਆਓ । ਭਿੰਡੀਆਂ ਕੱਲ ਹੀ ਬਣਾਈਆਂ ਸੀ। ਪਨੀਰ ਹੈਵੀ ਹੁੰਦਾ ਹੈ । ਮਟਰ, ਅਰਬੀ, ਗੋਭੀ ਤਾਂ ਵਾਈ ਕਰਦੀਆਂ ਹਨ ।ਪਿਆਜ, ਆਲੂ ਤਾਂ ਘਰ ਪਏ ਹਨ । ਫਿਰ ਪਿੱਛੇ ਰਹਿ ਕੀ ਗਿਆ? ਕਦੇ-ਕਦੇ ਮੈਨੂੰ ਬੜੀ ਖਿਝ ਆਉਂਦੀ, ਚਲੋ, ਅਖੀਰ ਤੁਰਨ ਲੱਗਿਆਂ ਇਹ ਕਹਿ ਦਿੰਦੇ, ਬਾਕੀ ਤੁਸੀਂ ਵੇਖ ਲਿਓ ਜੋ ਤੁਹਾਨੂੰ ਪਸੰਦ ਹੋਏ ਲੈ ਆਇਓ । ਨਾਲੇ ਤਾਂ 36 ਚੀਜ਼ਾਂ ਨੂੰ ਪ੍ਰਸ਼ਨ-ਚਿੰਨ੍ਹ ਲੱਗ ਜਾਂਦਾ, ਨਾਲੇ ਜੋ ਤੁਹਾਨੂੰ ਚੰਗਾ ਲੱਗੇ ਲੈ ਆਇਓ। ਇਹ ਚੀਜ਼ ਫਲਾਣੇ ਨੇ ਨਹੀਂ ਖਾਣੀ, ਇਹ ਸਬਜੀ ਕੱਲ ਬਣਾਈ ਸੀ, ਫਲਾਣੀ ਸਬਜੀ ਘਰ ਪਈ ਹੈ। ਕੋਈ ਸਬਜੀ ਗਰਮੀਆਂ ਚ ਚੰਗੀ ਨਹੀਂ ਹੁੰਦੀ। ਹਰ ਚੀਜ਼ ਵਿੱਚ ਬਾਜ਼ਾਰੋਂ ਲੈ ਕੇ ਆਉਣ ਲਈ ਕੁਝ ਨਾ ਕੁਝ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ ਤੇ ਕਈ ਵਾਰ ਦਿਲ ਕਰਦਾ ਕਿ ਦੋਵੇਂ ਹੱਥਾਂ ਨਾਲ ਆਪਣੇ ਵਾਲ ਪੁੱਟ ਲਵਾਂ ਜਾਂ ਸਬਜੀ ਵਾਲਾ ਥੈਲਾ ਚਲਾ ਕੇ ਮਾਰਾਂ ਕਿ ਚਲੋ ਜਾਂ ਤਾਂ ਮੇਰੇ ਨਾਲ ਚਲੋ ਜਾਂ ਫਿਰ ਆਪੇ ਲੈ ਆਓ । ਫਿਰ ਵੀ ਚੁੱਪ ਕਰਕੇ ਸਕੂਟਰੀ ਦੀ ਸੈਲਫ ਮਾਰ ਕੇ ਸਬਜੀ ਮੰਡੀ ਵੱਲ ਨੂੰ ਹੋ ਜਾਈਦਾ। ਇਸੇ ਤਰ੍ਹਾਂ ਜੇ ਘਰ ਵਿੱਚ ਕਿਸੇ ਵੀ ਚੀਜ਼ ਦੀ ਜਰੂਰਤ ਹੈ ਉਹਦੇ ਵਾਸਤੇ ਘਰ ਤੋਂ ਤੁਰਨ ਲੱਗਿਆ ਪਹਿਲਾਂ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ। ਚਾਹੇ ਪਲੰਬਰ ਨੂੰ ਬੁਲਾਉਣਾ ਹੈ , ਜਾਂ ਏ.ਸੀ. ਦੀ ਸਰਵਿਸ ਵਾਲੇ ਨੂੰ । ਉਹਨੂੰ ਨਾ ਬੁਲਾਇਓ ਉਸਨੇ ਪਿਛਲੀ ਵਾਰ ਇਹ ਚੀਜ਼ ਖਰਾਬ ਕਰ ਦਿੱਤੀ ਸੀ , ਐਡਵਾਂਸ ਲੈ ਕੇ ਫਿਰ ਵਾਪਸ ਹੀ ਨਹੀਂ ਆਇਆ ਜਾਂ ਉਸ ਨੇ ਤਸੱਲੀ ਬਖਸ਼ ਕੰਮ ਨਹੀਂ ਕੀਤਾ ਸੀ । ਮਤਲਬ ਕਈ ਘਰਾਂ ਵਿੱਚ ਹਰ ਗੱਲ ਦੇ ਵਿੱਚ ਆਦਮੀ ਦੇ ਉੱਤੇ ਬਹੁਤ ਸਾਰੀਆਂ ਪਾਬੰਦੀਆਂ ਲਾ ਕੇ ਉਸਨੂੰ ਕੰਮ ਕਰਨ ਲਈ ਕਿਹਾ ਜਾਂਦਾ ਹੈ । ਕਈ ਗੱਲਾਂ ਦੇ ਉੱਤੇ ਤਾਂ ਆਦਮੀ ਨੂੰ ਇਸ ਤਰਾਂ ਮਹਿਸੂਸ ਹੋਣ ਲੱਗ ਜਾਂਦਾ ਹੈ ਕਿ ਮੈਂ ਬੱਚਾ ਹਾਂ,ਯਾਰ ! ਤੁਸੀਂ ਆਪ ਹੀ ਖ਼ਰੀਦ ਕੇ ਲੈ ਆਓ। ਨਾਲੇ ਫਿਰ ਘਰ ਲਿਆਂਦੇ ਸਮਾਨ ਬਾਰੇ, ਆਹ ਕਿੰਨੇ ਦਾ ਸੀ? ਇਹ ਕਿੰਨੇ ਰੁਪਏ ਕਿਲੋ ਹੈ ? ਹਰ ਗੱਲ ਦੇ ਜਵਾਬ ਵੀ ਤੁਹਾਨੂੰ ਤਰੋਤਾਜ਼ਾ ਯਾਦ ਰੱਖਣੇ ਪੈਂਦੇ ਹਨ । ਨਹੀਂ ਤਾਂ ਫਿਰ ਲੈ ਤੁਹਾਨੂੰ ਤਾਂ ਵੱਧ ਲਾ ਲਿਆ , ਤੁਸੀਂ ਉਸ ਦੁਕਾਨ ਵਾਲੇ ਕੋਲ ਹੀ ਜਾਣਾ ਹੁੰਦਾ ਹੈ । ਤੁਸੀਂ ਤੁਰ-ਫਿਰ ਕੇ ਸਮਾਨ ਨਹੀਂ ਲੈਂਦੇ ।

ਜਿਹੜੀਆਂ ਬੀਬੀਆਂ ਦੀ ਜਵਾਨੀ ਵਿੱਚ ਨਹੀਂ ਪੁੱਗਦੀ ਉਹ ਦਾਦੇ-ਦਾਦੀ ਬਣ ਕੇ ਦਾਦੇ ਨੂੰ ਚੰਗੀ ਤਰ੍ਹਾਂ ਸੂਤ ਕਰਦੀਆਂ ਹਨ । ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਬਾਰੇ ਦਾਦੇ ਨਾਨੇ ਨੂੰ ਇਮੋਸ਼ਨਲ ਬਲੈਕਮੇਲ ਕਰਕੇ ਉਹਨੂੰ ਚੰਗੀ ਤਰਾਂ ਘਰੇ ਨੂੜ ਕੇ ਰੱਖਦੀਆਂ ਹਨ। ਇਹ ਤਾਂ ਤੁਹਾਡੇ ਬਿਨਾਂ ਰੋਟੀ ਨਹੀਂ ਖਾਂਦਾ, ਇਹ ਤਾਂ ਤੁਹਾਡੇ ਬਿਨਾਂ ਸੌਂਦਾ ਨਹੀਂ, ਇਹਨੂੰ ਬਾਹਰ ਘੁੰਮਾ ਫਿਰਾ ਕੇ ਲਿਆਓ । ਇਹ ਤੁਹਾਡੀ ਰਾਹ ਵੇਖੀ ਜਾਂਦਾ ਸੀ। ਦੇਖੋ ਹੁਣ ਕਿੰਨਾ ਖੁਸ਼ ਆ ਤੁਹਾਡੀ ਗੋਦੀ ਵਿੱਚ ਜਾ ਕੇ। ਮਤਲਬ ਕਿ , ਉਹ ਚੰਗੀ ਤਰਾਂ ਬੰਦੇ ਦਾ ਪੁੱਤ ਬਣਾਉਣ ਦਾ ਉਹਨਾਂ ਨੂੰ ਕੋਈ ਮੌਕਾ ਹੱਥੋਂ ਨਹੀਂ ਖਜਾਉਂਦੀਆਂ ।

ਗੱਲ ਕੀ ਆਦਮੀ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਦੋਂ ਉਸਦੀ ਮਹਿਬੂਬਾ, ਪਤਨੀ, ਉਸਦੀ ਮਾਂ ਦਾ ਰੂਪ ਧਾਰਨ ਕਰ ਲੈਂਦੀ ਹੈ ਤੇ ਉਸਦਾ ਕਈ ਵਾਰ ਜੀ ਕਰਦਾ ਜਿੰਨੀਆਂ ਉਹ ਉਸ ਤੇ ਬੰਦਿਸ਼ਾਂ ਲਾਉਂਦੀ ਹੈ ਤੇ ਅਦੇਸ਼ ਦਿੰਦੀ ਹੈ ਉਸਦਾ ਜੀ ਕਰਦਾ ਹੈ ਕਿ ਉਸਨੂੰ ਕਹਿ ਦੇਵੇ, ਜੀ ਮੰਮੀ ਜੀ ਇਵੇਂ ਹੀ ਹੋਊਗਾ। ਕਿਸ ਨਾਲ ਕਿੰਨਾ ਬੋਲਣਾ, ਫਲਾਣੇ ਰਿਸ਼ਤੇਦਾਰ ਇਸ ਤਰ੍ਹਾਂ ਦੇ ਹਨ। ਫਲਾਣੇ ਨਾਲ ਇਹਨਾ ਵਰਤਣਾ ਉਹਦੇ ਘਰ ਆਪਾਂ ਜਾਣਾ ਹੈ । ਉਹਨਾਂ ਘਰੇ ਨਹੀਂ ਜਾਣਾ ।

ਬਹੁਤ ਸਾਰੀਆਂ ਬੀਬੀਆਂ ਤਾਂ ਜਦੋਂ ਉਹਨਾਂ ਦਾ ਪੁੱਤ ਜਵਾਨ ਹੋ ਜਾਂਦਾ ਹੈ ਉਨ੍ਹਾਂ ਨੂੰ ਪੁੱਤ ਵਿੱਚ ਜਿਆਦਾ ਗੁਣ ਦਿਖਣ ਲੱਗ ਜਾਂਦੇ ਹਨ ਉਹ ਆਪਣੇ ਪਤੀ ਨਾਲ ਪੁੱਤਰ ਦੀ ਤੁਲਨਾ ਕਰਦੀਆਂ ਹਨ। ਲੈ, ਤੁਹਾਨੂੰ ਤਾਂ ਕਾਰ ਚਲਾਉਣੀ ਨਹੀਂ ਆਉਂਦੀ , ਮੇਰਾ ਪੁੱਤ ਕਾਰ ਚਲਾਉਂਦਾ ਪਤਾ ਵੀ ਨਹੀਂ ਲੱਗਣ ਦਿੰਦਾ, ਕਦੇ ਸਪੀਡ ਬਰੇਕਰ ਆ ਜਾਵੇ ਤਾਂ ਕਾਰ ਦੀ ਸਪੀਡ ਘੱਟ ਕਰਕੇ ਲੰਘਾਉਂਦਾ ਹੈ । ਮੈਨੂੰ ਤਾਂ ਪਤਾ ਵੀ ਨਹੀਂ ਲੱਗਦਾ, ਤੁਸੀਂ ਤਾਂ ਬਿਨਾਂ ਗੱਲ ਤੋਂ ਹਾਰਨ ਮਾਰੀ ਜਾਂਦੇ ਰਹਿਨੇ ਹੋ। ਪਤੀ ਨੂੰ ਆਪਦੇ ਪੁੱਤਰ ਤੋਂ ਘੱਟ ਹੀ ਨੰਬਰ ਦਿੰਦੀਆਂ ਹਨ । ਹਾਲਾਂਕਿ ਇਸ ਗੱਲ ਦੀ ਸੱਚਾਈ ਵੀ ਹਰ ਔਰਤ ਨੂੰ ਪਤਾ ਹੈ ਕਿ ਬੁਢੇਪੇ ਵਿੱਚ ਪਤੀ ਪਤਨੀ ਹੀ ਇੱਕ ਦੂਜੇ ਦੇ ਸੱਚੇ ਸਾਥੀ ਹੋ ਨਿਭਦੇ ਹਨ, ਪਰ ਫਿਰ ਵੀ ਮਾਂ ਦਾ ਪੁੱਤਰ-ਪਿਆਰ ਵਾਲਾ ਪਲੜਾ ਹਮੇਸ਼ਾ ਪਤੀ ਨਾਲੋਂ ਭਾਰੀ ਰਹਿੰਦਾ ਹੈ ।

ਇਹੀ ਕਾਰਨ ਹੈ ਕਿ ਜਦੋਂ ਔਰਤਾਂ ਆਪਣੇ ਪੁੱਤਰ ਦਾ ਵਿਆਹ ਕਰ ਲੈਂਦੀਆਂ ਹਨ ਤਾਂ ਉਹ ਪੁੱਤਰ ਪਿਆਰ ਨੂੰ ਦੋ ਹਿੱਸਿਆਂ, ਪਤਨੀ ਅਤੇ ਮਾਂ ਦੇ ਵਿੱਚ ਵੰਡਣ ਤੋਂ ਇਨਕਾਰੀ ਰਹਿੰਦੀਆਂ ਹਨ, ਕਿਉਂਕਿ ਉਹ ਪੁੱਤਰ ਨਾਲ ਆਪਣੇ ਹਰ ਦੁੱਖ-ਸੁੱਖ ,ਖੁਸ਼ੀ-ਗਮੀ ਦੇ ਵਿੱਚ ਪਤੀ ਤੋਂ ਵੀ ਵੱਧ ਸਾਂਝਾ ਕਰਦੀਆਂ ਹਨ ਤੇ ਪੁੱਤਰ ਦੇ ਵਿਆਹ ਤੋਂ ਬਾਅਦ ਉਹ ਆਪਣੇ ਆਪ ਨੂੰ ਅਸੁਰੱਖਿਤ ਮਹਿਸੂਸ ਕਰਦੀਆਂ ਹਨ ।

ਬਹੁਤੇ ਨਹੀਂ ਤਾਂ ਅੱਜ ਕੱਲ 70 ਤੋਂ 80 ਪ੍ਰਤੀਸ਼ਤ ਘਰਾਂ ਦੇ ਹਾਲਾਤ ਇਸ ਤਰ੍ਹਾਂ ਦੇ ਹੀ ਹੁੰਦੇ ਹਨ। ਬਹੁਤ ਹੀ ਘਰਾਂ ਵਿੱਚ ਕਈ ਵਾਰ ਬੱਚੇ ਆਪਣੇ ਵੱਡੇ ਤੋਂ ਵੱਡੇ ਫ਼ੈਸਲੇ ਆਪਣੀ ਮੰਮੀ ਦੇ ਰਾਹੀਂ ਬਹੁਤ ਸਖ਼ਤ ਅਤੇ ਅਸੂਲਾਂ ਦੇ ਪੱਕੇ ਆਪਣੇ ਪਿਤਾ ਤੋਂ ਆਪਣੇ ਹੱਕ ਵਿੱਚ ਕਰਵਾ ਲੈਂਦੇ ਹਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪਾਣੀ ਤਾਂ ਪੁਲਾਂ ਥੱਲੋਂ ਹੀ ਲੰਘਦਾ ਹੈ ।

ਕਈ ਘਰਾਂ ਵਿੱਚ ਤਾਂ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਪਹਿਲਾਂ ਤਾਂ ਇਸਤਰੀਆਂ ਬੱਚਿਆਂ ਦੀਆਂ ਨਿੱਕੀਆਂ ਨਿੱਕੀਆਂ ਸ਼ਿਕਾਇਤਾਂ ਆਦਮੀ ਕੋਲ ਲਾਉਂਦੀਆਂ ਰਹਿੰਦੀਆਂ ਹਨ ਜਦੋਂ ਪਿਤਾ ਕੁਝ ਸਖ਼ਤ ਹੋ ਕੇ ਘਰ ਵਿੱਚ ਫ਼ੈਸਲੇ ਲੈਂਦੇ ਹਨ ਜਾਂ ਤਲਖੀ ਵਿੱਚ ਆ ਕੇ ਬੱਚਿਆਂ ਨੂੰ ਕੁਝ ਕਹਿੰਦੇ ਹਨ ਤਾਂ ਝੱਟ ਦੂਜੇ ਪਾਸੇ ਹੋ ਜਾਂਦੀਆਂ ਹਨ । ਇੱਥੇ ਫਿਰ ਮਰਦ ਵਿਚਾਰਾ ਕੀ ਕਰੇ, ਠੰਡਾ ਪਾਣੀ ਪੀ ਮਰੇ, ਵਾਲੀ ਗੱਲ ਬਣ ਜਾਂਦੀ ਹੈ ।

ਜਿਵੇਂ ਘੜੀ ਦੀਆਂ ਸੂਈਆਂ ਮੁੜ-ਮੁੜ ਕੇ ਉਹਨਾਂ ਅੱਖਰਾਂ ਤੇ ਦੁਬਾਰਾ ਆਉਂਦੀਆਂ ਹਨ ਇਸੇ ਤਰ੍ਹਾਂ ਕਈ ਔਰਤਾਂ ਦੀ ਜ਼ਿੰਦਗੀ ਦੀ 15-18 ਸਾਲ ਜਿਹੜੇ ਉਨਾਂ ਨੇ ਦੜ ਵੱਟ ਕੇ, ਗੂੰਗੀਆਂ ਬਣ ਕੇ ਕੱਟੇ ਹੁੰਦੇ ਹਨ, ਹੁਣ ਜਦੋਂ ਉਹਨਾਂ ਦੇ ਬੱਚੇ ਜਵਾਨ ਹੋ ਜਾਂਦੇ ਹਨ ਤਾਂ ਇਹ ਘੜੀ ਦੀਆਂ ਸੂਈਆਂ ਉਨਾਂ ਦੇ ਹੱਕ ਵਿੱਚ 10-12 ਸਾਲ ਚਲਦੀਆਂ ਹਨ । ਜਿਵੇਂ ਕਹਿੰਦੇ ਹਨ ਕਿ ਕੁੜੀਆਂ ਤਾਂ ਹਮੇਸ਼ਾ ਮਾਂ-ਪਿਓ ਦੀਆਂ ਰਹਿੰਦੀਆਂ ਹਨ। ਇਸ ਤਰਾਂ ਉਹ ਮਾਂ-ਬਾਪ ਦੇ ਮਰਨ ਤੱਕ ਦੋਵਾਂ ਦਾ ਬਰਾਬਰ ਪੱਖ ਪੂਰਦੀਆਂ ਹਨ, ਪਰ ਪੁੱਤਰ ਜਦੋਂ ਤੱਕ ਵਿਆਹੇ ਨਹੀਂ ਜਾਂਦੇ, ਉਦੋਂ ਤੱਕ ਮਾਂ ਦੇ ਹੱਕ ਵਿੱਚ ਖੜ੍ਹੋਂਦੇ ਹਨ ਤੇ ਮਾਂ ਫਿਰ ਆਪਣੇ ਪਤੀ ਨੂੰ ਰੱਜ ਕੇ ਗੱਲ ਗੱਲ 'ਤੇ ਪਿਛਲੇ ਬੀਤ ਚੁੱਕੇ ਵਰ੍ਹਿਆਂ ਦੇ ਉਲਾਂਭੇ ਦਿੰਦੀ ਰਹਿੰਦੀ ਹੈ । ਪਰ ਇਹ ਸਿਲਸਿਲਾ ਬਹੁਤਾ ਲੰਮਾ ਨਹੀਂ ਚੱਲਦਾ। ਅਖੀਰ ਥੋੜੇ ਵਰ੍ਹਿਆਂ ਬਾਅਦ ਪਤਨੀ ਨੇ ਪਤੀ ਦੇ ਗੋਡੇ ਨਾਲ ਹੀ ਲੱਗਣਾ ਹੁੰਦਾ ਹੈ। ਪਤੀ ਹੀ ਇਹ ਝਾਲ ਝਲਦਾ ਹੈ । ਕਿਉਂਕਿ ਇੱਥੇ ਉਮਰ ਦਾ ਅਖੀਰਲਾ ਪੜਾਅ ਸ਼ੁਰੂ ਹੋ ਚੁੱਕਿਆ ਹੁੰਦਾ ਹੈ ।

ਸਮਾਜ ਵਿੱਚ ਸਾਰੇ ਨਹੀਂ ਤਾਂ ਬਹੁਤੇ ਘਰਾਂ ਵਿੱਚ ਦੇਖਣ ਨੂੰ ਤਾਂ ਪਿਤਾ ਪੁਰਖੀ ਪਰਿਵਾਰ ਲੱਗਦੇ ਹੁੰਦੇ ਹਨ, ਪਰ ਘਰ ਦਾ ਅਸਲ ਰਿਮੋਟ ਕੰਟਰੋਲ ਮਾਤਾ ਦੇ ਹੱਥ ਵਿੱਚ ਹੀ ਹੁੰਦਾ ਹੈ। ਗੱਲ ਗੱਲ 'ਤੇ ਕੀਤੀ ਗਈ ਟੋਕਾ-ਟਾਕੀ ਤੇ ਦਿੱਤੀਆਂ ਗਈਆਂ ਹਦਾਇਤਾਂ ਮਰਦ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੰਦੀਆਂ ਹਨ ਕੀ ਮੈਂ ਮੰਦ ਬੁੱਧੀ ਤਾਂ ਨਹੀਂ ਕਿਤੇ ?

ਕਈ ਘਰਾਂ ਵਿੱਚ ਵੱਡੇ ਬਜ਼ੁਰਗ ਸਭ ਕੁਝ ਦੇਖ ਰਹੇ ਹੁੰਦੇ ਹਨ ਪਰ ਘਰ ਦੀ ਸੁਖ ਸ਼ਾਂਤੀ ਲਈ ਉਹ ਮੂਕ ਦਰਸ਼ਕ ਬਣੇ ਰਹਿੰਦੇ ਹਨ। ਹੌਲੀ ਹੌਲੀ ਪਤਨੀ ਦਾ ਮਾਂ ਵਾਂਗ ਵਿਵਹਾਰ ਬਣ ਜਾਂਦਾ ਹੈ, ਜਿਸ ਤਰ੍ਹਾਂ ਛੋਟਾ ਬੱਚਾ ਆਪਣੀ ਮਾਂ ਤੋਂ ਬਿਨਾਂ ਰਹਿ ਨਹੀਂ ਸਕਦਾ, ਉਹ ਅਸੁਰੱਖਿਅਤ ਮਹਿਸੂਸ ਕਰਦਾ ਹੈ, ਨਿੱਕੀ-ਨਿੱਕੀ ਗੱਲ ਦੇ ਫ਼ੈਸਲਿਆਂ ਲਈ ਵੀ ਉਹ ਬੱਚਿਆਂ ਨੂੰ ਇਹ ਕਹਿੰਦਾ ਹੈ ਕਿ ਆਪਣੀ ਮੰਮੀ ਤੋਂ ਪੁੱਛ ਲਓ, ਚਾਹੇ ਉਹ ਕੁਝ ਚਾਕਲੇਟ, ਆਈਸਕ੍ਰੀਮ ਖਾਣ ਦੀ ਗੱਲ ਹੋਵੇ ਜਾਂ ਬਾਹਰ ਖੇਡਣ ਜਾਣ ਦੀ ਗੱਲ ਹੋਵੇ, ਪੱਲਾ ਝਾੜ ਲੈਂਦਾ ਹੈ ।ਇਸ ਤਰ੍ਹਾਂ ਪਤੀ ਵੀ ਘਰ ਵਿੱਚ ਪਤਨੀ ਤੇ ਬੱਚਿਆਂ ਤੋਂ ਬਿਨਾਂ ਆਪਣੇ ਆਪ ਨੂੰ ਇਕੱਲਾ ਅਤੇ ਅਸੁਰੱਖਿਅਤ ਮਹਿਸੂਸ ਕਰਨ ਲੱਗ ਪੈਂਦਾ ਹੈ। ਉਸ ਨੂੰ ਆਪਣੀ ਸਮਰੱਥਾ ਭੁੱਲ ਜਾਂਦੀ ਹੈ। ਇਹ ਸਿਲਸਿਲਾ ਬੱਚਿਆਂ ਨੂੰ ਪਾਲਣ ਤੋਂ ਲੈ ਕੇ ਉਨਾਂ ਦੇ ਵਿਆਹਾਂ ਦੇ ਫੈਸਲੇ ਤੇ ਵਿਆਹਾਂ ਨੂੰ ਨੇਪਰੇ ਚਾੜਨ ਤੱਕ ਅਗਾਂਹ ਪੋਤੇ-ਪੋਤੀਆਂ ਦੇ ਪਾਲਣ-ਪੋਸ਼ਣ ਤੱਕ ਇਸ ਤਰ੍ਹਾਂ ਹੀ ਚਲਦਾ ਰਹਿੰਦਾ ਹੈ । ਜਿਹੜੇ ਪਤੀ ਦੇਵ ਆਪਣੀ ਪਤਨੀ ਦੇ ਹਰ ਹੁਕਮ ਨੂੰ ਯੈਸ ਬੋਸ ਕਹਿ ਕੇ ਮੰਨਦੇ ਰਹਿੰਦੇ ਹਨ ਭਾਵੇਂ ਉਹਨਾਂ ਨੂੰ ਅਗਲੇਰੀ ਉਮਰ ਵਿੱਚ ਜਾ ਕੇ ਡਿਪਰੈਸ਼ਨ, ਸ਼ੂਗਰ ਅਤੇ ਦਿਲ ਦੇ ਰੋਗ ਹੋ ਜਾਂਦੇ ਹੋਣਗੇ ਪਰ ਉਹਨਾਂ ਦੀਆਂ ਪਤਨੀਆਂ ਹਰ ਹਮੇਸ਼ਾ ਚੜ੍ਹਦੀ ਕਲਾ ਵਿੱਚ ਤੇ ਤਰੋਤਾਜਾ ਰਹਿੰਦੀਆਂ ਹਨ ਜਿਵੇਂ ਕਿ ਅੱਜ ਮੁਕਲਾਵੇ ਆਈਆਂ ਹੋਣ ।

ਸਾਨੂੰ ਚਾਹੇ ਉਹ ਔਰਤ ਹੈ ਜਾਂ ਮਰਦ ਹੈ ਉਸ ਨੂੰ ਹਫਤੇ – ਦੱਸ ਦਿਨਾਂ ਬਾਅਦ ਕੁਝ ਸਮਾਂ ਆਪਣੀ ਜਿੰਦਗੀ ਮਾਨਣ ਲਈ ਜਰੂਰ ਦੇਣਾ ਚਾਹੀਦਾ ਹੈ, ਜਿਸ ਸਮੇਂ ਦੌਰਾਨ ਉਹ ਆਪਣੇ ਦੋਸਤ ਮਿੱਤਰਾਂ , ਯਾਰਾਂ-ਬੇਲੀਆਂ, ਸਖੀਆਂ-ਸਹੇਲੀਆਂ ਵਿੱਚ ਜਾ ਕੇ ਆਪਣੇ ਦਿਲ ਦੀ ਚੀਕ ਬੁਲਬਲੀ ਕੱਢ ਸਕਣ ਤੇ ਆਪਣੀ ਜ਼ਿੰਦਗੀ ਨੂੰ ਹੋਰ ਉਤਸ਼ਾਹ ਨਾਲ ਭਰ ਸਕਣ ।

ਜੇਕਰ ਅਸੀਂ ਬੁਢੇਪੇ ਦੀ ਗੱਲ ਕਰੀਏ ਤਾਂ ਇਹੀ ਸਾਡੀਆਂ ਸੁਆਣੀਆਂ ਬੁਢੇਪੇ ਵਿੱਚ ਆਪਣੇ ਹਮਸਫਰ ਅੱਗੇ ਅੱਖਾਂ ਵਿੱਚੋਂ ਅੱਥਰੂ ਕੇਰਦੀਆਂ, ਵੱਡੇ -ਵੱਡੇ ਹੌਂਕੇ ਲੈਂਦੀਆਂ ਹੋਈਆਂ, ਫਿਰ ਨਿੱਕੀ-ਨਿੱਕੀ ਗੱਲ ਦੀ ਸਾਂਝੀਦਾਰੀ ਪਾਉਂਦੀਆਂ ਮੁੰਡੇ ਤੇ ਵਹੁਟੀ ਦੀਆਂ ਸ਼ਿਕਾਇਤਾਂ ਲਾਉਂਦੀਆਂ ਹਨ, ਕਦੇ ਆਂਢੀ-ਗੁਆਂਢੀ ਨੂੰ ਬੁਰਾ ਭਲਾ ਕਹਿੰਦੀਆਂ, ਕਦੇ ਕਿਸੇ ਰਿਸ਼ਤੇਦਾਰ ਵਿੱਚ ਨਘੋਚਾਂ ਕੱਢਦੀਆਂ ਹੋਈਆਂ ਫੇਰ ਆਪਣਾ ਦੁੱਖ-ਸੁੱਖ ਪਤੀ ਨਾਲ ਸਾਂਝਾ ਕਰਦੀਆਂ ਹਨ ਤੇ ਇਹ ਵੀ ਭੁੱਲ ਜਾਂਦੀਆਂ ਹਨ ਕਿ ਇਹ ਗੱਲ ਉਹਨਾਂ ਨੇ ਜਾਂ ਇਹ ਸ਼ਿਕਾਇਤ ਉਹਨਾਂ ਨੇ ਆਪਣੇ ਪਤੀ ਨੂੰ ਹੁਣੇ-ਹੁਣੇ ਚਾਰ ਵਾਰ ਸੁਣਾਈ ਹੈ, ਪਰ ਇਸ ਉਮਰ ਵਿੱਚ ਪਹੁੰਚੇ ਪਤੀ ਪੂਰੀ ਤਰਹਾਂ ਪਰਪੱਕ ਹੋ ਚੁੱਕੇ ਹੁੰਦੇ ਹਨ ਤੇ ਉਹ ਇੱਕ ਵਾਰ ਵੀ ਇਹ ਗੱਲ ਨਹੀਂ ਆਖਦੇ ਕਿ ਤੈਨੂੰ ਪਤਾ ਹੈ ਕਿ ਤੂੰ ਇਹ ਗੱਲ ਮੈਨੂੰ ਹੁਣ ਚੌਥੀ ਵਾਰ ਕਹਿ ਰਹੀ ਹੈ। ਜਿਹੜੇ ਪਤੀ ਦੇਵ ਦੀ ਜਵਾਨੀ ਵਿੱਚ ਹਰ ਗੱਲ ਉਹਨਾਂ ਨੂੰ ਭੈੜੀ ਲੱਗਦੀ ਹੈ ਚਾਹੇ ਉਹ ਖਾਣ-ਪੀਣ ਦਾ ਤਰੀਕਾ ਸੀ ਜਾਂ ਨਹਾ ਕੇ ਤੌਲੀਆ ਬਾਹਰ ਸੁੱਕਣਾ ਨਹੀਂ ਸੀ ਪਾਉਂਦੇ ਜਾਂ ਚੱਪਲਾਂ ਨੂੰ ਸਹੀ ਢੰਗ ਨਾਲ ਸਹੀ ਥਾਂ ਤੇ ਨਹੀਂ ਸੀ ਰੱਖਦੇ ਜਾਂ ਉਹਨਾਂ ਦੇ ਬੋਲਣ ਤੇ ਵਿਵਹਾਰ ਕਰਨ ਦੇ ਤੌਰ ਤਰੀਕੇ ਤੋਂ ਉਹ ਹਮੇਸ਼ਾ ਦੁਖੀ ਰਹਿੰਦੀਆਂ ਸਨ, ਅੱਜ ਉਹੀ ਬੀਬੀਆਂ ਔਰਤਾਂ ਬਜ਼ੁਰਗ ਹੋ ਕੇ ਢਲਦੀ ਉਮਰ ਦੇ ਇਸ ਪੜਾਅ ਤੇ ਆਪਣੇ ਬੱਚਿਆਂ ਨੂੰ ਕਹਿ ਰਹੀਆਂ ਹੁੰਦੀਆਂ ਹਨ ਕੀ ਮੈਂ ਤਾਂ ਤੁਹਾਡੇ ਪਿਓ ਅੱਗੇ ਕਦੇ ਉੱਚੀ ਆਵਾਜ਼ ਵਿੱਚ ਗੱਲ ਵੀ ਨਹੀਂ ਸੀ ਕੀਤੀ। ਤਾਂ ਫਿਰ ਉਹ 35, 45, ਜਾਂ 55 ਸਾਲ ਦੀ ਉਮਰ ਵਾਲਾ ਓਹੀ ਮਰਦ ਬੱਚਾ ਜਿਸ ਦੀ ਹਰ ਗੱਲ ਵਿੱਚ ਨੁਕਸ ਕੱਢੇ ਹੁੰਦੇ ਸਨ ਇਹਨਾਂ ਨੂੰ ਹੌਂਸਲੇ ਭਰੇ ਸ਼ਬਦਾਂ ਨਾਲ ਦਿਲਾਸਾ ਦਿੰਦਾ ਹੈ। ਫਿਰ ਇਹੀ ਉਸ ਬਜ਼ੁਰਗ ਹੋ ਚੁੱਕੇ ਬੁੱਢੇ ਹਮ ਸਫਰ ਨੂੰ ਆਪਣਾ ਸਭ ਕੁਝ ਮਨਦੀਆਂ ਹਨ। ਇਹੀ ਤਾਂ ਪਿਆਰ ਹੁੰਦਾ ਹੈ ਉਥੇ ਵਿਚਾਰਾਂ , ਵਿਸ਼ਵਾਸਾਂ, ਆਦਤਾਂ , ਰਵਈਏ, ਸੁਭਾਅ ਆਦਿ ਦਾ ਵਖਰੇਵਾਂ ਨਹੀਂ ਰੜਕਦਾ ਸਭ ਕਬੂਲ ਹੁੰਦਾ ਹੈ।

ਧੰਨਵਾਦ।